## Swindon Carers Centre ਬਾਰੇ ਦੇਖਭਾਲਕਰਤਾ ਕੀ ਕਹਿੰਦੇ ਹਨ

"Swindon Carers Centre ਨੇ ਮੇਰੇ ਵਾਸਤੇ ਜੋ ਕੁਝ ਵੀ ਕੀਤਾ ਹੈ ਉਸ ਵਾਸਤੇ ਧੰਨਵਾਦ ਦੇਣ ਲਈ ਮੇਰੇ ਕੋਲ ਕਾਫ਼ੀ ਸ਼ਬਦ ਨਹੀਂ ਹਨ।"




"Swindon Carers Centre ਤੁਹਾਨੂੰ ਇਹ ਨਹੀਂ ਦੱਸਦਾ ਕਿ ਕੀ ਕਰਨਾ ਹੈ - ਉਹ ਤੁਹਾਨੂੰ ਇਹ ਦੱਸਦਾ ਹੈ ਕਿ ਤੁਹਾਡੇ ਵਿਕਲਪ ਕੀ ਹਨ। ਮੈਂ ਹੁਣ ਲੁਕਣ ਦੀ ਕੋਸ਼ਿਸ਼ ਨਹੀਂ ਕਰਦਾ ਕਿਉਂਕਿ SCC ਨੇ ਮੈਨੂੰ ਆਤਮ-ਵਿਸ਼ਵਾਸ ਦਿੱਤਾ ਹੈ।"

**Swindon Carers Centre ਅਤੇ ਸਾਡੇ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਦੀ ਰੇਂਜ ਬਾਰੇ ਹੋਰ ਜਾਣਕਾਰੀ ਵਾਸਤੇ:**
**www.swindoncarers.org.uk**

**Swindon Carers Centre, Swindon ਵਿਖੇ ਸਾਰੀ ਉਮਰ ਦੇ ਦੇਖਭਾਲਕਰਤਾਵਾਂ ਨੂੰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰਦਾ ਹੈ।**

**ਰਜਿਸਟ੍ਰੇਸ਼ਨ ਪ੍ਰਕਿਰਿਆ ਸ਼ੁਰੂ ਕਰਨ ਵਾਸਤੇ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।**

**ਸਾਡੇ ਖੁੱਲ੍ਹਾ ਰਹਿਣ ਦੇ ਸਮੇਂ ਹਨ:**
**ਸੋਮਵਾਰ ਤੋਂ ਮੰਗਲਵਾਰ 9.30am ਤੋਂ 4.30pm ਤੱਕ**
**ਸ਼ੁੱਕਰਵਾਰ 9.30am ਤੋਂ 4pm ਤੱਕ**




**Swindon Carers Centre**
**Sanford House, Sanford Street,**
**Swindon, SN1 1HE**
ਟੇਲੀਫ਼ੋਨ: 01793 531133
info@swindoncarers.org.uk
www.swindoncarers.org.uk



A Network Partner of CARERS TRUST
SWINDON Carers Centre
TRUSTED CHARITY MARK LEVEL 2 NCVO
ਚੈਰਿਟੀ ਨੰ. 1061116
ਕੰਪਨੀ ਨੰ. 3305621


# Swindon Carers Centre

SWINDON
Carers Centre



**ਜੇਕਰ ਤੁਸੀਂ ਕਿਸੇ ਮਿੱਤਰ ਜਾਂ ਪਰਿਵਾਰ ਦੇ ਮੈਂਬਰ ਦੀ ਦੇਖਭਾਲ ਕਰ ਰਹੇ ਹੋ ਅਤੇ ਤੁਹਾਨੂੰ ਕੁਝ ਵਾਧੂ ਸਹਾਇਤਾ ਦੀ ਲੋੜ ਹੈ, ਤਾਂ ਅਸੀਂ ਸਹਾਇਤਾ ਵਾਸਤੇ ਇੱਥੇ ਉਪਲਬਧ ਹਾਂ।**

# ਕੀ ਤੁਸੀਂ ਦੇਖਭਾਲਕਰਤਾ ਹੋ?

ਜੇਕਰ ਤੁਸੀਂ ਕਿਸੇ ਬਿਮਾਰੀ, ਕਮਜ਼ੋਰ ਜਾਂ ਵਿਕਲਾਂਗ ਪਰਿਵਾਰਕ ਮੈਂਬਰ, ਸਾਥੀ ਜਾਂ ਮਿੱਤਰ ਦੀ ਦੇਖਭਾਲ ਕਰ ਰਹੇ ਹੋ, ਤਾਂ ਤੁਸੀਂ ਇੱਕ ਦੇਖਭਾਲਕਰਤਾ ਹੋ। ਤੁਸੀਂ ਜਿਸ ਵਿਅਕਤੀ ਦੀ ਦੇਖਭਾਲ ਕਰ ਰਹੇ ਹੋ ਉਹ ਬਜ਼ੁਰਗ ਹੋ ਸਕਦਾ ਹੈ, ਉਸ ਦੀ ਸਰੀਰਕ ਜਾਂ ਦਿਮਾਗੀ ਸਿਹਤ ਸਥਿਤੀ, ਸਿੱਖਣ ਦੀ ਅਸਮਰੱਥਾ ਜਾਂ ਨਸ਼ਾ ਜਾਂ ਸ਼ਰਾਬ 'ਤੇ ਨਿਰਭਰਤਾ (ਨਿਦਾਨ ਜਾਂ ਨਿਦਾਨ ਨਹੀਂ) ਹੋ ਸਕਦੀ ਹੈ।

ਲੋਕ ਅਕਸਰ ਖ਼ੁਦ ਨੂੰ ਦੇਖਭਾਲਕਰਤਾਵਾਂ ਵਜੋਂ ਨਹੀਂ ਵੇਖਦੇ ਹਨ, ਅਤੇ ਨਤੀਜਨ ਉਹ ਵੱਖ-ਵੱਖ ਅਧਿਕਾਰਾਂ, ਲਾਭਾਂ ਅਤੇ ਸਮਰਥਨ ਤੋਂ ਸੱਖਣੇ ਰਹਿ ਸਕਦੇ ਹਨ, ਜੋ ਉਹਨਾਂ ਦੀ ਭੂਮਿਕਾ ਵਿੱਚ ਉਹਨਾਂ ਦੀ ਮਦਦ ਕਰ ਸਕਦੇ ਹਨ।



# ਸਾਡੇ ਬਾਰੇ

Swindon Carers Centre (SCC), Swindon ਵਿਖੇ ਦੇਖਭਾਲਕਰਤਾਵਾਂ ਨੂੰ ਸਮਰਥਨ ਅਤੇ ਸਹਾਇਤਾ ਪ੍ਰਦਾਨ ਕਰਨ ਵਾਸਤੇ ਸਥਾਪਿਤ ਇੱਕ ਸੁਤੰਤਰ ਚੈਰਿਟੀ ਹੈ। ਅਸੀਂ ਕੇਅਰਰ ਟ੍ਰੱਸਟ ਦੇ ਨੈੱਟਵਰਕ ਭਾਗੀਦਾਰ ਹਾਂ।

ਸਾਡੇ ਕੋਲ ਸਿੱਖਿਅਤ ਕਰਮਚਾਰੀ ਅਤੇ ਸਵੈ-ਸੇਵਕਾਂ ਦੀ ਇੱਕ ਟੀਮ ਹੈ ਜੋ ਵੱਡੇ ਪੱਧਰ 'ਤੇ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਦੇ ਹਨ।

# ਸਾਡਾ ਮਿਸ਼ਨ:

***Swindon ਵਿਖੇ ਅਤੇ ਉਸ ਦੇ ਆਲੇ-ਦੁਆਲੇ ਦੇਖਭਾਲ ਕਰਨ ਵਾਲੀਆਂ ਜ਼ਿੰਮੇਵਾਰੀਆਂ ਵਾਲੇ ਲੋਕਾਂ ਦੀ ਭਲਾਈ ਵਿੱਚ ਸੁਧਾਰ ਕਰਨ ਲਈ, ਇੱਕ ਭਾਈਚਾਰੇ ਦਾ ਨਿਰਮਾਣ ਕਰਨਾ, ਜਿੱਥੇ ਦੇਖਭਾਲ ਕਰਨ ਵਾਲਿਆਂ ਨੂੰ ਪਛਾਣਿਆ ਜਾਂਦਾ ਹੈ, ਮਹੱਤਤਾ ਦਿੱਤੀ ਜਾਂਦੀ ਹੈ ਅਤੇ ਉਹਨਾਂ ਦਾ ਸਮਰਥਨ ਕੀਤਾ ਜਾਂਦਾ ਹੈ।***

## Swindon Carers Centre ਕਿਵੇਂ ਮਦਦ ਕਰ ਸਕਦਾ ਹੈ?

ਅਸੀਂ ਉਸ ਸਮਰਥਨ ਨੂੰ ਖੋਜਣ ਲਈ ਮਿਲ ਕੇ ਕੰਮ ਕਰਨਾ ਚਾਹੁੰਦੇ ਹਾਂ ਜੋ ਤੁਹਾਡੀ ਦੇਖਭਾਲ ਕਰਨ ਵਾਲੀ ਭੂਮਿਕਾ ਨੂੰ ਵਾਧੂ ਪ੍ਰਬੰਧਨਯੋਗ ਬਣਾ ਸਕੇ।

Swindon Carers Centre 18 ਸਾਲ ਤੋਂ ਘੱਟ ਉਮਰ ਦੇ ਯੰਗ ਕੇਅਰਰ, 16-24 ਸਾਲ ਦੀ ਉਮਰ ਦੇ ਯੰਗ ਅਡਲਟ ਕੇਅਰਰ, ਪੈਰੇਂਟ ਕੇਅਰਰ ਜੋ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਦੀ ਦੇਖਭਾਲ ਕਰਦੇ ਹਨ, 18-64 ਦੇ ਅਡਲਟ ਕੇਅਰਰ, ਮਿਲਟਰੀ ਕੇਅਰਰ, LGBT ਕੇਅਰਰ ਅਤੇ 65 ਸਾਲ ਦੀ ਉਮਰ ਤੋਂ ਓਲਡਰ ਕੇਅਰਰ ਸਮੇਤ ਸਾਰੇ ਦੇਖਭਾਲਕਰਤਾਵਾਂ ਨੂੰ ਸਹਾਇਤਾ ਸੇਵਾਵਾਂ ਦੀ ਇੱਕ ਵਿਸਤਾਰਿਤ ਰੇਂਜ ਪ੍ਰਦਾਨ ਕਰਦਾ ਹੈ।

ਅਸੀਂ ਵੱਖ-ਵੱਖ ਤਰੀਕਿਆਂ ਨਾਲ ਮਦਦ ਕਰ ਸਕਦੇ ਹਾਂ:

- **ਜਾਣਕਾਰੀ ਪ੍ਰਦਾਨ ਕਰਨਾ**
- **ਦੂਜੇ ਸੰਬੰਧਿਤ ਸੰਗਠਨਾਂ ਵਾਸਤੇ ਸਾਈਨਪੋਸਟ**
- **ਸੇਵਾਵਾਂ ਤੱਕ ਪਹੁੰਚਣ ਵਿੱਚ ਸਹਾਇਤਾ ਸਮੇਤ ਵਨ-ਟੂ-ਵਨ ਸਮਰਥਨ ਦੇਣਾ**
- **ਕਲਿਆਣ ਅਤੇ ਲਾਭਾਂ ਸੰਬੰਧੀ ਸਲਾਹ**
- **ਬ੍ਰੇਕ ਅਤੇ ਕੰਪਲੀਮੈਂਟਰੀ ਥੈਰੇਪੀਆਂ ਤੱਕ ਪਹੁੰਚ**
- **ਸਿਖਲਾਈ ਸੈਸ਼ਨ ਅਤੇ ਸਵੈ-ਮਦਦ ਸਮੂਹ**
- **ਆਪਾਤਕਾਲੀ ਕਾਰਡ ਸਕੀਮ**

**01793 531133**
**info@swindoncarers.org.uk**

# SCC ਨਾਲ ਰਜਿਸਟ੍ਰੇਸ਼ਨ

ਜੇਕਰ ਤੁਸੀਂ ਇੱਕ ਦੇਖਭਾਲਕਰਤਾ ਵਜੋਂ Swindon Carers Centre ਨਾਲ ਰਜਿਸਟ੍ਰੇਸ਼ਨ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸਾਨੂੰ ਟੈਲੀਫ਼ੋਨ ਜਾਂ ਈਮੇਲ ਰਾਹੀਂ ਸੰਪਰਕ ਕਰੋ ਜਾਂ ਸਾਡੀ ਵੈੱਬਸਾਈਟ 'ਤੇ ਜਾਓ ਅਤੇ ਇੱਕ ਰਜਿਸਟ੍ਰੇਸ਼ਨ ਫਾਰਮ ਭਰੋ।

| | |
|---|---|
| ਟੈਲੀਫ਼ੋਨ: | 01793 531133 |
| ਈਮੇਲ: | info@swindoncarers.org.uk |
| ਵੈੱਬਸਾਈਟ: | www.swindoncarers.org.uk |

ਜਦੋਂ ਤੁਸੀਂ ਪਹਿਲੀ ਵਾਰ ਸਾਡੇ ਨਾਲ ਸੰਪਰਕ ਕਰਦੇ ਹੋ, ਤਾਂ ਅਸੀਂ ਇਹ ਯਕੀਨੀ ਕਰਨ ਲਈ ਰਜਿਸਟ੍ਰੇਸ਼ਨ ਪ੍ਰਕਿਰਿਆ ਰਾਹੀਂ ਜਾਂਦੇ ਹਾਂ ਕਿ ਅਸੀਂ ਤੁਹਾਡੇ ਸਮਰਥਨ ਵਾਸਤੇ ਸਭ ਤੋਂ ਉਚਿਤ ਸਥਾਨ ਹਾਂ।

ਸਾਡੇ ਕੋਲ ਸਾਰੇ ਦੇਖਭਾਲਕਰਤਾਵਾਂ ਨੂੰ ਸਮਰਥਨ ਦੇਣ ਲਈ ਇੱਕ ਸਮਰਥਿਤ ਅਨੁਭਵੀ ਪ੍ਰੈਕਟਿਸ਼ਨਰਾਂ ਦੀਆਂ ਟੀਮਾਂ ਹਨ



Facebook 'ਤੇ ਪਸੰਦ ਕਰੋ
@swindoncarerscentre

Twitter 'ਤੇ ਫਾਲੋ ਕਰੋ
@SwindonCarers

**ਕਿਰਪਾ ਕਰਕੇ ਧਿਆਨ ਦਿਓ ਕਿ ਸਾਡੀਆਂ ਸੇਵਾਵਾਂ ਦੀ ਉੱਚ ਮੰਗ ਕਰਕੇ, ਕਦੇ-ਕਦੇ ਕੁਝ ਹਫ਼ਤਿਆਂ ਦਾ ਉਡੀਕ ਸਮਾਂ ਹੁੰਦਾ ਹੈ ਜਿਸ ਤੋਂ ਬਾਅਦ ਅਸੀਂ ਮਦਦ ਕਰ ਪਾਉਂਦੇ ਹਾਂ।**